(i) Printed Pages : 4 Roll No. ...............................

(ii) Questions : 2

**Sub. Code : | 1 | 3 | 4 | 2 | 4 |**

**Exam. Code : | 5 | 0 | 4 | 2 |**

**Bachelor of Computer Application (FYUP) 2nd Semester**

**(2055)**

**PUNJABI**

**Paper : Compulsory Punjabi (PUN124)**

**Time Allowed : Three Hours]** **[Maximum Marks : 45**

## ਯੂਨਿਟ-I

1. (ੳ) ਹੇਠ ਲਿਖੇ ਲੋਕ-ਗੀਤਾਂ ਵਿੱਚੋਂ ਕਿਸੇ **ਇੱਕ** ਦਾ ਕੇਂਦਰੀ ਭਾਵ ਦਸਦੇ ਹੋਏ ਉਸ ਦਾ ਵਿਸ਼ਾ-ਵਸਤੂ ਵੀ ਉਲੀਕੋ :

   (i) ਸਾਡਾ ਚਿੜੀਆਂ ਦਾ ਚੰਬਾ

   (ii) ਨਿਲੱਜਿਓ ਲੱਜ ਤੁਹਾਨੂੰ ਨਹੀਂ। 8

   (ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦਾ ਸੰਖੇਪ ਉੱਤਰ ਦਿਓ :

   (i) ਬੇਟੀ ਬਾਬੁਲ ਨੂੰ ਅਸੂ ਮਹੀਨੇ ਦਾ ਕਾਜ ਰਚਾਉਣ ਲਈ ਕਿਉਂ ਕਹਿੰਦੀ ਹੈ ?

   (ii) ਲੋਕ ਗੀਤਾਂ ਵਿੱਚ ਧੀਆਂ ਨੂੰ ਕਿਸ ਤਰ੍ਹਾਂ ਦਾ ਧਨ ਕਿਹਾ ਗਿਆ ਹੈ ?

   (iii) ਲੋਕ ਗੀਤਾਂ ਵਿੱਚ ਸੁਫ਼ਨੇ ਨੂੰ ਕੀ ਕਿਹਾ ਗਿਆ ਹੈ ?

   (iv) 'ਮੈਨੂੰ ਰਖ ਲੈ ਅਜ ਦੀ ਰਾਤ' ਗੀਤ ਵਿੱਚ ਵਿਆਹੀ ਜਾ ਰਹੀ ਮੁਟਿਆਰ ਕਿਸ ਨੂੰ ਤੇ ਕਿਉਂ ਅਜ ਦੀ ਰਾਤ ਪੇਕੇ ਘਰ ਹੀ ਰਹਿਣ ਦੇਣ ਲਈ ਆਖਦੀ ਹੈ ? 4×2=8

(ੲ) ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ **ਇੱਕ** ਕਾਵਿ-ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਬੇਟੀ, ਚੰਨਣ ਦੇ ਉਹਲੇ ਉਹਲੇ ਕਿਉ ਖੜੀ
ਮੈਂ ਤਾ ਖੜੀ ਸਾਂ ਬਾਬਲ ਜੀ ਦੇ ਬਾਰ
ਬਾਬਲ ਵਰ ਲੋੜੀਏ।
ਬੇਟੀ ਕਿਹੋ ਜਿਹਾ ਵਰ ਲੋੜੀਏ।

**ਜਾਂ**

(ii) ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਮਹਿਣਾ,
ਬੇਟੀ ਨੂੰ ਸਮਝਾ ਦੇਣਾ ਜੀ, ਆਗਿਆ ਦੇ ਵਿਚ ਰਹਿਣਾ।
ਛੰਦ ਪਰਾਗੇ, ਆਈਏ ਜਾਈਏ, ਛੰਦ ਪਰਾਗੇ ਤਰ,
ਲੋਕ ਭਾਨੀਆਂ ਮਾਰਦੇ, ਸੰਜੋਗ ਜੋਰਾਵਰ। 1×4=4

## ਯੂਨਿਟ-II

2. (ੳ) ਹੇਠ ਲਿਖੇ ਤਕਨੀਕੀ ਸ਼ਬਦਾਂ ਵਿੱਚੋਂ ਕੋਈ **ਪੰਜ** ਸ਼ਬਦਾਂ ਨੂੰ ਪੰਜਾਬੀ ਵਿੱਚ ਲਿਖੋ :

(i) Encashment

(ii) Rebate

(iii) Overdraw

(iv) Merchant

(v) Money market

(vi) Knockdown

(vii) Vacation pay.

5×1=5

(ਅ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ **ਦਸ** ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰੋ :

(i) ਦੰਦ ਖੱਟੇ ਕਰਨੇ

(ii) ਔਂਸੀਆਂ ਪਾਉਣਾ

(iii) ਪੈਰ ਜ਼ਮੀਨ ਤੇ ਨਾ ਲਗਣਾ

(iv) ਉਨੀ ਇਕੀ ਦਾ ਫਰਕ ਹੋਣਾ

(v) ਅਸਮਾਨ ਸਿਰ ਤੇ ਚੁਕਣਾ

(vi) ਖਲ੍ਹ ਲਾਹੁਣੀ

(vii) ਚਾਂਦੀ ਦੀ ਜੁੱਤੀ ਮਾਰਨੀ

(viii) ਗਧੇ ਨੂੰ ਬਾਪ ਬਣਾਉਣਾ

(ix) ਈਦ ਦਾ ਚੰਨ ਹੋਣਾ

(x) ਪੰਜੇ ਉਂਗਲੀਆਂ ਘਿਓ ਵਿਚ ਹੋਣੀਆਂ

(xi) ਅੱਖਾਂ ਫੇਰ ਲੈਣੀਆਂ

(xii) ਆਪਣਾ ਉਲੂ ਸਿਧਾ ਕਰਨਾ। 10×1=10

(ੲ) ਹੇਠ ਲਿਖੇ ਸ਼ਬਦਾਂ ਵਿੱਚੋਂ **ਪੰਜ** ਸ਼ਬਦਾਂ ਦੇ ਵਿਰੋਧੀ ਸ਼ਬਦ ਦਸ ਕੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋਂ :

(i) ਉਲਟਾ

(ii) ਘ੍ਰਿਣਾ

(iii) ਗਰੀਬੀ

(iv) ਸਮਾਨਤਾ

(v) ਆਜ਼ਾਦੀ

(vi) ਮਿਹਨਤ

(vii) ਉੱਚਾ। 5×1=5

(ਸ) ਹੇਠ ਲਿਖੇ ਸ਼ਬਦਾਂ ਵਿੱਚੋਂ ਕੋਈ **ਪੰਜ** ਸ਼ਬਦਾਂ ਦੇ **ਦੋ-ਦੋ** ਵਾਕ ਬਣਾਓ :

(i) ਸਬਰ

(ii) ਉਤਸ਼ਾਹ

(iii) ਮਿਲਵਰਤਣ

(iv) ਅਖ਼ਬਾਰ

(v) ਸੱਚ

(vi) ਕਵਿਤਾ

(vii) ਸ਼ਬਦ। 5×1=5